ਦਫਤਰ ਜਿਲ੍ਹਾ ਸਿਖਿਆ ਅਫਸਰ(ਸੈ.ਸਿ/ਐ.ਸਿ) ਮਾਨਸਾ।

ਵੱਲ,

ਸਮੂਹ ਪ੍ਰਿੰਸੀਪਲ,ਮੁੱਖ ਅਧਿਆਪਕ, ਬੀਪੀਈਓ(ਪ੍ਰਾਇਮਰੀ ਵਿੰਗ),ਹੈਡ ਟੀਚਰ(ਪ੍ਰਾਇਮਰੀ ਵਿੰਗ)
ਸਰਕਾਰੀ ਪ੍ਰਾਇਮਰੀ,ਹਾਈ,ਮਿਡਲ,ਸੀਨੀਅਰ ਸੈਕੰਡਰੀ ਸਕੂਲ
ਜਿਲ੍ਹਾ ਮਾਨਸਾ।

ਪੱਤਰ ਨੰਬਰ-ਲੇ-4/2021-22 /21219188905P/

ਮਿਤੀ-16.11.2021

ਵਿਸ਼ਾ- ਸਾਲ 2020-21 ਦੌਰਾਨ ਸਕੂਲ ਸਿਖਿਆ ਵਿਭਾਗ ਵੱਲੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਈਆਂ ਗਈਆਂ ਗਤੀਵਿਧੀਆਂ ਦੇ ਜਿਲ੍ਹਾ ਪੱਧਰੀ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡ ਸਮਾਰੋਹ ਕਰਵਾਉਣ ਸਬੰਧੀ।

ਹਵਾਲਾ- ਦਫਤਰ ਡਾਇਰੈਕਟਰ ਰਾਜ ਸਿਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਜੀ ਦੇ ਮੀਮੋ ਨੰਬਰ-SCERT-ACA/7/2020-SDP-SCERT/81405/56 ਮਿਤੀ 12.11.2021 ਅਨੁਸਾਰ।

ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਸਾਲ 2020-21 ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਤੇ ਜਨਰਲ(ਪ੍ਰਾਇਮਰੀ,ਮਿਡਲ,ਸੈਕੰਡਰੀ) ਅਤੇ CWSN (ਪ੍ਰਾਇਮਰੀ,ਮਿਡਲ,ਸੈਕੰਡਰੀ)ਪੱਧਰ ਤੇ ਵਿਦਿਆਰਥੀਆਂ ਦੇ ਮੁਕਾਬਲੇ ਕਰਵਾਏ ਗਏ ਸਨ। ਉਹਨਾਂ ਵਿੱਚੋ ਰਾਜ ਪੱਧਰ ਦੋ-ਦੋ ਪੁਜੀਸ਼ਨਾਂ ਵੱਖਰੀਆਂ ਕੱਢੀਆਂ ਗਈਆਂ ਸਨ(ਬੱਚਿਆ ਦੀ ਲਿਸਟ ਨੱਥੀ)। ਹੁਣ ਇਹਨਾਂ ਬੱਚਿਆਂ ਨੂੰ ਇਨਾਮ ਦੇਣ ਲਈ ਕੱਲ ਮਿਤੀ 17.11.2021 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਿਆਲਾ ਕਲਾ(ਕੁੜੀਆਂ) ਜਿਲ੍ਹਾ ਮਾਨਸਾ ਵਿਖੇ ਇਨਾਮ ਫੰਡ ਸਮਾਰੋਹ ਰੱਖਿਆ ਗਿਆ ਹੈ। ਨਾਲ ਨੱਥੀ ਬੱਚਿਆਂ ਦੀ ਲਿਸਟ ਅਨੁਸਾਰ ਸਕੂਲ ਮੁੱਖੀ/ਗਾਈਡ ਟੀਚਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਬੱਚਿਆਂ ਨੂੰ ਸਵੇਰੇ 11.30 ਵਜੇ ਹਰ ਹਾਲਤ ਵਿੱਚ ਉਕਤ ਸਥਾਨ ਉਪਰ ਇਨਾਮ ਵੰਡ ਸਮਾਰੋਹ ਵਿੱਚ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ ਤਾ ਜੋ ਪੁਜੀਸ਼ਨ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਦਿੱਤਾ ਜਾ ਸਕੇ। ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ/ਦੇਰੀ ਨਾ ਕੀਤੀ ਜਾਵੇ।

ਉਕਤ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਸ੍ਰੀ ਹਰਦੀਪ ਸਿੰਘ ਜੂਨੀਅਰ ਸਹਾਇਕ ਕਮ ਵਜੀਫਾ ਨੋਡਲ ਅਫਸਰ ਮਾਨਸਾ ਮੋਬਾਇਲ ਨੰਬਰ-8289002500 ਤੇ ਸਪੰਰਕ ਕੀਤਾ ਜਾਵੇ।

16/11/21

ਜਿਲ੍ਹਾ ਸਿਖਿਆ ਅਫਸਰ(ਸੈ.ਸਿ)
ਮਾਨਸਾ।

16/11/21

ਪਿੱਠ ਅੰਕਣ ਨੰਬਰ-ਉਕਤ ਮਿਤੀ-16.11.2021

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਸੀਨੀਅਰ ਸੈਕੰਡਰੀ ਸਕੂਲ ਖਿਆਲਾ ਕਲਾ (ਕੁੜੀਆਂ) ਜਿਲ੍ਹਾ ਮਾਨਸਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸਮਾਰੋਹ ਦਾ ਸਾਰਾ ਪ੍ਰਬੰਧ ਸਮੇਂ ਸਿਰ ਕਰਨਾ ਯਕੀਨੀ ਬਣਾਇਆ ਜਾਵੇ।

16/11/21

ਜਿਲ੍ਹਾ ਸਿਖਿਆ ਅਫਸਰ(ਸੈ.ਸਿ)
ਮਾਨਸਾ।

16/11/21